
# ਗੁਰਮਤਿ ਪ੍ਰਕਾਸ਼

ਅਕਤੂਬਰ ੨੦੦੨

ਪੰਨਾ — 44



## ਸਿਕਲੀਗਰਾਂ ਅਤੇ ਵਣਜਾਰਿਆਂ ਨੂੰ ਸਿੱਖੀ ਦੇ ਕੇਂਦਰੀ ਧੁਰੇ ਨਾਲ ਮੁੜ ਜੋੜਨ ਦੀ ਲੋੜ

## ਔਗੁਣਾਂ ਦਾ ਤਿਆਗ ਕਰਨ ਤੋਂ ਬਿਨਾਂ

# ਗੁਰਮਤਿ ਦੇ ਪਾਂਧੀ ਨਹੀਂ ਬਣਿਆ ਜਾ ਸਕਦਾ

*ਗਿਆਨੀ ਧਰਮ ਸਿੰਘ (ਨਿਹੰਗ ਸਿੰਘ*

ਸਿੱਖੀ ਸੁੱਚੇ-ਸੁੱਚੇ ਕਿਰਦਾਰ ਦਾ ਨਾਂ ਹੈ, ਕਿਸੇ ਭੇਖ ਦਾ ਨਾਂ ਨਹੀਂ। ਭਾਵੇਂ ਪਿਛਲੇ ਕਾਫੀ ਲੰ ਅਰਸੇ ਤੋਂ ਸਿੱਖੀ ਦੇ ਪ੍ਰਚਾਰ 'ਚ ਸਿੱਖੀ ਕਿਰਦਾਰ ਦੀ ਗੱਲ ਨਾ-ਮਾਤਰ ਹੀ ਹੋਈ ਹੈ ਜਿਸ ਦੇ ਸਿ ਵਜੋਂ ਅੱਜ ਸਿੱਖਾਂ ਵਿਚ ਸਿੱਖੀ ਕਿਰਦਾਰ ਪੱਖੋਂ ਨਿਘਾਰ ਮਹਿਸੂਸ ਕੀਤਾ ਜਾ ਰਿਹਾ ਹੈ। ਗੁਰਬਾ ਦਾ ਉਪਦੇਸ਼ ਸਿੱਖ ਨੂੰ ਕਿਰਦਾਰ ਪੱਖੋਂ ਆਪਣੇ ਮੂਲ ਪਰਮੇਸ਼ਰ ਵਰਗਾ ਹੀ ਬਣ ਜਾਣ ਲਈ ਜ਼ ਦੇ ਰਿਹਾ ਹੈ। ਭਗਤ ਕਬੀਰ ਜੀ ਨੇ ਹਰੀ ਦੇ ਜਨ (ਗੁਰਸਿੱਖ) ਨੂੰ 'ਹਰੀ ਪਰਮੇਸ਼ਰ' ਵਰਗਾ ਬਣ ਜਾਣ ਦੀ ਇੱਛਾ ਪ੍ਰਗਟਾਈ ਹੈ:

*ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ॥* (ਸਲੋਕ ਕਬੀਰ, ਪੰਨਾ ੧੩੭

ਉਪਰੋਕਤ ਪੰਕਤੀ ਵਿਚ ਭਗਤ ਜੀ ਨੇ ਗੁਰਸਿੱਖ ਨੂੰ ਪਰਮੇਸ਼ਰ ਵਰਗਾ ਹੀ ਬਣ ਜਾਣ ਲ ਇਸ ਕਰਕੇ ਆਖਿਆ ਸੀ ਕਿਉਂਕਿ ਗੁਰਸਿੱਖ ਨੇ ਆਪਣੇ ਮੂਲ, ਜੋਤ ਸਰੂਪ ਪਰਮੇਸ਼ਰ ਨ ਅਭੇਦ ਹੋਣਾ ਹੈ। ਅਭੇਦ ਹੋਣ ਲਈ ਦੋਨਾਂ ਦਾ ਇਕੋ ਸਰੂਪ ਹੋ ਜਾਣਾ ਲਾਜ਼ਮੀ ਹੈ। ਇਸੇ ਲ ਸੋਰਠਿ ਰਾਗੁ ਅੰਦਰ ਗੁਰੂ ਤੇਗ ਬਹਾਦਰ ਜੀ ਨੇ ਇਸੇ ਖਿਆਲ ਦੀ ਪ੍ਰੋੜ੍ਹਤਾ ਕਰਦਿਆਂ ਆਖਿ ਹੈ:

*ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥*
*ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥* (ਪੰਨਾ ੬੩

ਹੁਣ ਦੇਖਣ ਵਾਲੀ ਗੱਲ ਇਹ ਹੈ ਕਿ ਗੁਰਬਾਣੀ ਦੀ ਸ਼ਰਨ ਆਉਣ ਤੋਂ ਪਹਿਲਾਂ ਸਿਖਿਆਰ ਦੀ ਆਪਣੇ ਮੂਲ ਨਿਰੰਕਾਰ ਨਾਲੋਂ ਕਿਨ੍ਹਾਂ ਕਾਰਨਾਂ ਕਰਕੇ ਦੂਰੀ ਬਣੀ ਹੋਈ ਹੁੰਦੀ ਹੈ? ਮੋ ਮਾਇਆ ਵਿਚ ਫਸਿਆ ਹੋਣ ਕਰਕੇ ਹਰ ਪ੍ਰਾਣੀ ਲੋਭੀ, ਹੰਕਾਰੀ, ਵੈਰ-ਵਿਰੋਧ ਦੀ ਭਾਵਨਾ ਰੱਖ ਵਾਲਾ, ਮਾਇਆ ਦੇ ਪਿੱਛੇ ਭੱਜਣ ਵਾਲਾ ਸੁਆਰਥੀ ਹੁੰਦਾ ਹੈ। ਅਜਿਹਾ ਵਿਅਕਤੀ ਧਰਮ ਨੂੰ ਆਪਣੀ ਸੁਆਰਥਸਿਧੀ ਦਾ ਹੀ ਇਕ ਹਥਿਆਰ ਸਮਝਦਾ ਹੈ। ਅਜਿਹੀ ਹਾਲਤ ਵਿਚ ਉਸ ਤ੍ਰਿਸ਼ਨਾ ਦੀ ਅੱਗ ਵਿਚ ਜਲਦੇ ਰਹਿਣਾ, ਉਸ ਦੇ ਮਨ ਅੰਦਰ ਹਰ ਸਮੇਂ ਚਿੰਤਾਵਾਂ ਦਾ ਦੌ ਲਗਾਤਾਰ ਚੱਲਦੇ ਰਹਿਣਾ ਸੁਭਾਵਕ ਹੈ। ਭਾਵੇਂ ਹਰ ਆਦਮੀ ਸਾਰੀ ਜ਼ਿੰਦਗੀ ਆਪਣੇ ਦੁੱਖਾਂ ਸੁੱਖਾਂ ਵਿਚ ਬਦਲ ਦੇਣ ਦੀ ਇੱਛਾ ਵਿਚ ਹੀ ਲੱਗਿਆ ਰਹਿੰਦਾ ਹੈ, ਫਿਰ ਭੀ ਉਹ ਦੁੱਖਾਂ ਵਿ ਘਿਰਦਾ ਹੀ ਚਲਿਆ ਜਾਂਦਾ ਹੈ। ਪਦਾਰਥਵਾਦ ਦੀ ਦੌੜ ਵਿਚ ਲੱਗ ਕੇ ਉਹ ਆਪਣੇ ਆਪ ਇਸ ਕਦਰ ਪ੍ਰੇਸ਼ਾਨ ਕਰ ਲੈਂਦਾ ਹੈ ਕਿ ਉਸ ਨੂੰ ਇਨ੍ਹਾਂ ਪ੍ਰੇਸ਼ਾਨੀਆਂ ਵਿਚੋਂ ਨਿਕਲ ਜਾਣ ਦਾ ਕੋ ਰਸਤਾ ਨਹੀਂ ਸੁੱਝਦਾ। ਅਜਿਹੀ ਹਾਲਤ ਵਿਚ ਉਸ ਨੂੰ ਸੱਚੇ ਗੁਰੂ ਦੀ ਲੋੜ ਮਹਿਸੂਸ ਹੁੰਦੀ ਹੈ ਸੱਚਾ ਗੁਰੂ ਅਜਿਹੇ ਸਿੱਖ ਨੂੰ ਸਭ ਤੋਂ ਪਹਿਲਾਂ ਉਸ ਦੀ ਬੁਰੀ ਮੱਤ ਤਿਆਗ ਦੇਣ ਦੀ ਹਦਾਇ

**ਸੱਚ ਖੋਜ ਅਕੈਡਮੀ, ਸਮਰਾਲਾ ਰੋਡ, ਖੰਨਾ (ਲੁਧਿਆਣਾ) ਫੋਨ ਨੰ: 01628-2033*

ਕਰਦਾ ਹੈ ਕਿਉਂਕਿ ਜਿਸ ਮੱਤ (ਬੁੱਧੀ) ਨਾਲ ਉਸ ਦੀ ਅਜਿਹੀ ਦਸ਼ਾ ਬਣ ਗਈ ਹੈ, ਉਸ ਦਾ ਤਿਆਗ ਕਰੇ ਬਿਨਾਂ ਉਸ ਦੇ ਸਾਰੇ ਰੋਗਾਂ ਦਾ ਨਿਵਾਰਨ ਨਹੀਂ ਕੀਤਾ ਜਾ ਸਕਦਾ ਹੈ। ਅਜਿਹੇ ਪ੍ਰਾਣੀ ਨੂੰ ਸਭ ਤੋਂ ਪਹਿਲਾਂ ਆਪਣੇ ਮਿੱਤਰ ਤੇ ਦੁਸ਼ਮਣ ਦੀ ਸੋਝੀ ਕਰਵਾਈ ਜਾਂਦੀ ਹੈ ਕਿਉਂਕਿ ਅਗਿਆਨੀ ਪ੍ਰਾਣੀ ਆਪਣੇ ਦੁਸ਼ਮਣਾਂ ਨੂੰ ਮਿੱਤਰ ਮੰਨ ਕੇ ਹੀ ਧੋਖਾ ਖਾਂਦਾ ਹੈ।

ਗੁਰਬਾਣੀ ਅਨੁਸਾਰ ਸੰਸਾਰ ਵਿਚ ਕੋਈ ਵਿਰਲਾ ਹੀ ਮਿੱਤਰ ਅਤੇ ਦੁਸ਼ਮਣ ਵਿਚਲਾ ਭੇਦ ਸਮਝਦਾ ਹੈ। ਇਸੇ ਲਈ ਤਾਂ ਸੰਸਾਰ ਦੇ ਸਾਰੇ ਹੀ ਲੋਕ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ, ਦ੍ਵੈਸ਼ ਆਦਿ ਔਗੁਣਾਂ ਨੂੰ ਬੁਰਾ ਮੰਨਦੇ ਹੋਏ ਭੀ ਆਪਣੇ ਅੰਦਰ ਇਨ੍ਹਾਂ ਨੂੰ ਮਿੱਤਰ ਸਮਝ ਕੇ ਛੁਪਾਈ ਰੱਖਦੇ ਹਨ ਜਦ ਕਿ ਇਹੀ ਔਗੁਣ ਸੰਸਾਰ ਨੂੰ ਜਮ ਦੇ ਜਾਲ ਵਿਚ ਫਸਾਈ ਰੱਖਣ ਲਈ ਜ਼ੁੰਮੇਵਾਰ ਹਨ। ਗੁਰਬਾਣੀ ਦਾ ਫ਼ਰਮਾਨ ਹੈ:

*ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ॥*
*ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ॥* *(ਸੋਰਠਿ ਮ:੧, ਪੰਨਾ ੫੯੫)*

ਔਗੁਣਾਂ ਤੋਂ ਛੁਟਕਾਰਾ ਪਾਉਣ ਲਈ ਸਾਨੂੰ ਗੁਣੀ ਨਿਧਾਨ ਪਰਮੇਸ਼ਰ ਜਿਹੇ ਗੁਣ ਧਾਰਨ ਕਰਨੇ ਪੈਣਗੇ। ਤਦ ਹੀ ਸਾਡੇ ਗਲ਼ੇ ਦੀਆਂ ਇਹ ਜ਼ੰਜੀਰਾਂ ਕੱਟੀਆਂ ਜਾ ਸਕਣਗੀਆਂ। ਇਨ੍ਹਾਂ ਔਗੁਣਾਂ ਤੋਂ ਖਹਿੜਾ ਛੁਡਾ ਲੈਣਾ ਹੀ ਅਸਲ ਵਿਚ ਮੁਕਤੀ ਹੈ। ਲੋਭ ਨੂੰ ਗੁਰਮਤਿ ਨੇ ਸਿੱਖੀ ਦੇ ਮਾਰਗ ਵਿਚ ਸਭ ਤੋਂ ਪਹਿਲਾ ਅਤੇ ਵੱਡਾ ਅੜਿੱਕਾ ਮੰਨਿਆ ਹੈ। ਇਸੇ ਲਈ ਤਾਂ ਸਤਿਗੁਰੂ ਜੀ ਫ਼ਰਮਾਨ ਕਰ ਰਹੇ ਹਨ :

*ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ॥*
*ਅੰਤਿ ਕਾਲਿ ਤਿਥੈ ਧੁਹੈ ਜਿਥੈ ਹਥੁ ਨ ਪਾਇ॥* *(ਸਲੋਕ ਮ: ੩, ਪੰਨਾ ੧੪੧੭)*

ਗੁਰਬਾਣੀ ਨੇ ਤਾਂ ਕੇਵਲ ਪਰਮੇਸ਼ਰ ਪਾਸੋਂ ਨਾਮ ਤੋਂ ਬਿਨਾਂ ਹੋਰ ਕੁਝ ਭੀ ਮੰਗਣ ਦੀ ਮਨਾਹੀ ਕੀਤੀ ਹੋਈ ਹੈ ਕਿਉਂਕਿ ਪਰਮੇਸ਼ਰ ਨਾਮੁ ਤੋਂ ਬਿਨਾਂ ਬਾਕੀ ਸਭ ਬਿਖਿਆ ਹੀ ਹੈ। ਬਿਖਿਆ ਹੀ ਤਾਂ ਭਵ-ਸਾਗਰ ਰੂਪ ਹੈ, ਅਗਨਿ ਸਾਗਰ ਹੈ ਜਿਸ ਵਿਚ ਸੜਦਾ ਬਲਦਾ ਜੀਵ ਇਸ ਤੋਂ ਛੁਟਕਾਰਾ ਪਾਉਣ ਲਈ ਗੁਰੂ ਦੀ ਸ਼ਰਨ ਜਾਂਦਾ ਹੈ ਪਰ ਗੁਰੂ ਕੋਲੋਂ ਮਾਇਕ ਪਦਾਰਥਾਂ ਦੀ ਮੰਗ ਕਰਨ ਵਾਲਾ ਸਿੱਖੀ ਧਾਰਨ ਕਰ ਹੀ ਨਹੀਂ ਸਕਦਾ।

ਲੋਭ ਰੂਪੀ ਔਗੁਣ ਨੂੰ ਕੱਟਣ ਲਈ ਸਤਿ ਸੰਤੋਖ ਦੀ ਲੋੜ ਹੈ। ਸੰਤੋਖੀ ਸਿੱਖ ਭਾਣੇ ਵਿਚ ਚੱਲਦਾ ਹੈ। ਪਰਮੇਸ਼ਰ ਨੂੰ ਸਭ ਦਾ ਫਿਕਰ ਹੈ, ਉਹ ਬਿਨਾਂ ਮੰਗੇ ਸਭ ਨੂੰ ਰੋਜ਼ੀ ਦੇਣਾ ਆਪਣਾ ਬਿਰਦ ਸਮਝਦਾ ਹੈ। ਗੁਰਮਤਿ ਦੀਆਂ ਇਨ੍ਹਾਂ ਧਾਰਨਾਵਾਂ ਉੱਪਰ ਸਿੱਖ ਨੂੰ ਪੂਰਨ ਭਰੋਸਾ ਹੋ ਜਾਵੇ ਤਾਂ ਉਹ ਸੰਤੋਖ ਜਿਹੇ ਮਹਾਨ ਗੁਣ ਦਾ ਧਾਰਨੀ ਬਣ ਜਾਂਦਾ ਹੈ। ਦੂਜਾ ਵੱਡਾ ਗੁਣ ਪਰਮੇਸ਼ਰ ਦਾ ਨਿਰਵੈਰਤਾ ਹੈ। ਇਸ ਲਈ ਗੁਰਸਿੱਖ ਨੇ ਇਸ ਗੁਣ ਦਾ ਭੀ ਧਾਰਨੀ ਹੋਣਾ ਹੈ। ਸਾਰਿਆਂ ਵਿਚ ਹੀ ਪਰਮੇਸ਼ਰ ਦੀ ਜੋਤਿ ਹੈ। ਸਾਰੇ ਜੀਵ ਪਰਮੇਸ਼ਰ ਦੀ ਹੀ ਸੰਤਾਨ ਹਨ। ਇਸ ਲਈ ਗੁਰਸਿੱਖ, ਗੁਰਮਤਿ ਦੀ ਸੋਝੀ ਆਉਣ ਉਪਰੰਤ ਵੈਰ-ਵਿਰੋਧ ਕਰੇ ਤਾਂ ਕਿਸ ਨਾਲ? ਗੁਰਸਿੱਖ ਤਾਂ ਸਾਰਿਆਂ ਵਿਚ ਪਰਮੇਸ਼ਰ ਦੀ ਜੋਤਿ ਹੀ ਦੇਖ ਰਿਹਾ ਹੁੰਦਾ ਹੈ। ਇਹ ਨਿਰਵੈਰਤਾ ਦਾ ਘੇਰਾ ਇਤਨਾ ਵਿਸ਼ਾਲ ਹੋ ਜਾਂਦਾ ਹੈ ਕਿ ਗੁਰਸਿੱਖ ਆਪਣੇ ਅੰਦਰਲੇ ਸਾਰੇ ਔਗੁਣਾਂ ਨੂੰ ਹੀ ਮਿਟਾ ਦਿੰਦਾ ਹੈ। ਭਾਵ ਨਿਰਵੈਰਤਾ ਦਾ ਗੁਣ ਉਹ ਹਥਿਆਰ ਹੈ ਜਿਸ ਨਾਲ ਸਾਰੇ ਔਗੁਣ ਹੀ ਕੱਟੇ ਜਾਂਦੇ ਹਨ। ਗੁਰਸਿੱਖ ਸਤਿ ਸੰਤੋਖ ਦਾ ਧਾਰਨੀ ਅਤੇ ਨਿਰਵੈਰ ਹੋ ਜਾਣ ਉਪਰੰਤ ਸਾਰੇ ਔਗੁਣਾਂ ਤੋਂ ਹੀ ਮੁਕਤੀ ਪਾ ਲੈਂਦਾ ਹੈ। ਉਪਰੰਤ ਉਸ ਦੇ ਹਿਰਦੇ ਵਿਚ ਸਹਿਜ-ਸੁਭਾ ਹੀ ਪਰਮੇਸ਼ਰ ਦਾ ਨਾਮੁ (ਸ਼ਬਦ) ਪ੍ਰਗਟ ਹੋ

ਜਾਂਦਾ ਹੈ ਜਾਂ ਇਉਂ ਕਹਿ ਲਵੋ ਕਿ ਪਰਮੇਸ਼ਰ ਖੁਸ਼ ਹੋ ਕੇ ਉਸ ਨੂੰ ਨਾਮੁ ਦੀ ਦਾਤ ਬਖਸ਼ ਦਿੰਦਾ

ਗੁਰਮਤਿ ਵਿਚਲਾ ਨਾਮ ਅਤੇ ਦੂਸਰੀਆਂ ਮੱਤਾਂ ਅਨੁਸਾਰ ਨਾਮ ਜਪਣਾ ਜਾਂ ਨਾਮ ਸਿਮ ਵੱਖਰੇ ਵੱਖਰੇ ਹਨ। ਗੁਰਬਾਣੀ (ਗੁਰਮਤਿ) ਦੇ ਪ੍ਰਗਟ ਹੋਣ ਤੋਂ ਪਹਿਲਾਂ ਸਾਡੇ ਦੇਸ਼ ਵਿਚ ਬ ਸਾਰੀਆਂ ਮੱਤਾਂ ਆਪੋ ਆਪਣੀ ਵਿਧੀ ਅਨੁਸਾਰ ਨਾਮ ਸਿਮਰਨ ਕਰਦੀਆਂ ਸਨ ਜਿਨ੍ਹਾਂ ਦਾ ਜ਼ਿ ਗੁਰਬਾਣੀ ਅੰਦਰ ਮੌਜੂਦ ਹੈ। ਉਨ੍ਹਾਂ ਸਾਰੀਆਂ ਮੱਤਾਂ ਦਾ ਗੁਰਬਾਣੀ ਅੰਦਰ ਉਪਦੇਸ਼ ਇਸ ਲ ਦਰਜ ਹੈ ਤਾਂ ਕਿ ਉਹ ਆਪਣੇ ਵਿਚਲੀ ਕਮੀ ਨੂੰ ਦੂਰ ਕਰਕੇ ਆਪਣੇ ਅਨੁਆਈਆਂ ਨੂੰ ਸੱਚ ਸੋਝੀ ਕਰਵਾ ਦੇਣ ਵਿਚ ਸਫਲ ਹੋ ਸਕਣ।

ਸਾਡੀ ਬੋਲੀ ਅਨੁਸਾਰ ਨਾਮ ਜਾਂ ਨਾਉਂ ਜਿਤਨੇ ਭੀ ਹਨ, ਉਹ ਉਨ੍ਹਾਂ ਵਸਤੂਆਂ ਦੇ ਜਿਹੜੀਆਂ ਸਾਡੀਆਂ ਪੰਜੇ ਗਿਆਨ ਇੰਦਰੀਆਂ ਜਾਂ ਮਨ ਬੁੱਧੀ ਦੀ ਪਕੜ ਵਿਚ ਹਨ। ਪਰਮੇ ਸਾਡੀ ਮਨ ਬੁੱਧੀ ਅਤੇ ਗਿਆਨ ਇੰਦਰੀਆਂ ਦੀ ਪਕੜ ਤੋਂ ਪਰ੍ਹੇ ਹੈ। ਇਸ ਲਈ ਉਸ ਦੇ ਵਾਚਕ ਨਾਮ ਹੀ ਸੰਸਾਰ ਵਿਚ ਪ੍ਰਚੱਲਤ ਹਨ। ਇਸੇ ਲਈ ਇਨ੍ਹਾਂ ਨਾਮਾਂ ਨੂੰ ਕਿਰਤਮ ਆਖਿਆ ਗਿਆ ਹੈ। ਗੁਰਬਾਣੀ ਅਨੁਸਾਰ ਨਾਮ ਦਾ ਅਰਥ ਜਸੁ ਕੀਰਤੀ ਜਾਂ ਗੁਣ ਗਾਇਨ ਗੁਰਬਾਣੀ ਨੂੰ ਭੀ ਪਰਮੇਸ਼ਰ ਦਾ ਗੁਣ ਗਾਇਨ ਜਾਂ ਜਸੁ ਕੀਰਤੀ ਹੀ ਇਸੇ ਲਈ ਆਖਿਆ ਗਿ ਹੈ। ਗੁਰਬਾਣੀ ਵਿਚ ਨਾਮ ਸਮਾਇਆ ਹੋਇਆ ਹੈ ਕਿਉਂਕਿ ਗੁਰਬਾਣੀ ਨਾਮ ਦਾ ਹੀ ਖੁਲ (ਵਿਖਿਆਨ) ਹੈ।

ਸੰਸਾਰੀ ਮੱਤਾਂ ਆਰੰਭ ਵਿਚ ਹੀ ਪਰਮੇਸ਼ਰ ਦੇ ਕਿਸੇ ਗੁਣਵਾਚਕ ਨਾਮ ਜਾਂ ਕਿਸੇ ਮੰਤ੍ ਲੈ ਕੇ ਉਸ ਨੂੰ ਵਾਰ ਵਾਰ ਰਟਣ ਕਰਦੇ ਰਹਿਣ ਨੂੰ ਹੀ ਨਾਮ ਜਪਣਾ ਮੰਨੀ ਬੈਠੇ ਹਨ। ਇਸ ਤ ਕਰਨ ਨਾਲ ਵਿਕਾਰਾਂ (ਔਗੁਣਾਂ) ਤੋਂ ਛੁਟਕਾਰਾ ਕਿਵੇਂ ਮਿਲ ਜਾਂਦਾ ਹੈ ਇਸ ਬਾਰੇ ਉਨ੍ਹਾਂ ਕੋਲ ਕੋ ਤਸੱਲੀਬਖਸ਼ ਜਵਾਬ ਨਹੀਂ ਹੈ। ਜਦੋਂ ਕੋਈ ਉਨ੍ਹਾਂ ਪਾਸੋਂ ਪੁੱਛਦਾ ਹੈ ਕਿ ਮੈਂ ਜਦੋਂ ਮਾਲਾ ਫੇਰਦਾ ਜਾਂ ਨਾਮ ਜਪਦਾ ਹਾਂ ਤਾਂ ਮੇਰਾ ਮਨ ਟਿਕਦਾ ਨਹੀਂ ਤਾਂ ਉਨ੍ਹਾਂ ਦਾ ਇਕ ਹੀ ਜਵਾਬ ਹੁੰਦਾ ਹੈ ਕਿ ਨੂੰ ਟਿਕਾ ਕੇ ਰੱਖਣਾ ਤੁਹਾਡੀ ਆਪਣੀ ਜ਼ਿੰਮੇਵਾਰੀ ਹੈ।

ਮਨ ਦੇ ਟਿਕਾਉ ਵਾਸਤੇ ਹੀ ਤਾਂ ਨਾਮ ਜਪਿਆ ਜਾਂਦਾ ਹੈ। ਜਿਹੜੀ ਭਗਤੀ ਮਨ ਅੰ ਸ਼ਾਂਤੀ ਪੈਦਾ ਹੀ ਨਹੀਂ ਕਰ ਸਕਦੀ, ਉਸ ਨੂੰ ਭਗਤੀ ਕਿਵੇਂ ਮੰਨਿਆ ਜਾ ਸਕਦਾ ਹੈ? ਅਸਲ ਇਹ ਹੈ ਕਿ ਗੁਰਮਤਿ ਤੋਂ ਬਿਨਾਂ ਕੋਈ ਭੀ ਮੱਤ ਅਜਿਹੀ ਨਹੀਂ ਜਿਹੜੀ ਜਗਿਆਸੂ ਨੂੰ ਲਾ ਵੱਸ ਕਰਕੇ ਉਸ ਦੀਆਂ ਮਨੋਕਾਮਨਾਵਾਂ ਪੂਰੀਆਂ ਕਰ ਦੇਣ ਦਾ ਝਾਂਸਾ ਦੇ ਕੇ ਆਪਣੇ ਨਾਲ ਜੋ ਰੱਖਣ ਦੀ ਚਲਾਕੀ ਨਾ ਖੇਡਦੀ ਹੋਵੇ ਜਦ ਕਿ ਲੋਭ ਦੇ ਤਿਆਗ ਤੋਂ ਬਿਨਾਂ ਸੱਚੇ ਧਰਮ ਦੀ ਪੌੜੀ ਪਹਿਲਾ ਡੰਡਾ ਭੀ ਹੱਥ ਨਹੀਂ ਆ ਸਕਦਾ। ਉੱਪਰੋਂ ਉੱਪਰੋਂ ਭਾਵੇਂ ਇਹ ਮੱਤਾਂ ਲੋਭ ਨੂੰ ਬੁਰਾ ਆਖ ਰਹੀਆਂ ਹਨ ਪਰ ਲੋਭ ਦੇ ਤਿਆਗ ਲਈ ਸਖਤੀ ਨਾਲ ਪ੍ਰਚਾਰ ਇਸ ਲਈ ਨਹੀਂ ਰਹੀਆਂ ਕਿ ਇਨ੍ਹਾਂ ਨਾਲ ਜੁੜੇ ਹੋਏ ਵਿਅਕਤੀ ਇਨ੍ਹਾਂ ਨੂੰ ਛੱਡ ਨਾ ਜਾਣ।

ਹਉਮੈ ਰੂਪੀ ਔਗੁਣ, ਕਾਮ, ਕ੍ਰੋਧ, ਲੋਭ ਅਤੇ ਮੋਹ ਨਾਲੋਂ ਸ਼ਕਤੀਸ਼ਾਲੀ ਹੋਣ ਕਰਕੇ ਹੀ ਤੋਂ ਪਿਛੋਂ ਖਤਮ ਹੋਇਆ ਕਰਦਾ ਹੈ। ਜਿਤਨੀ ਦੇਰ 'ਹਉਮੈ' ਮਨ ਅੰਦਰ ਮੌਜੂਦ ਹੈ, ਉਤਨੀ ਕੀਤੀ ਹੋਈ ਕਿਸੇ ਭੀ ਪ੍ਰਕਾਰ ਦੀ ਭਗਤੀ ਪ੍ਰਭੂ ਦੀ ਨਜ਼ਰ 'ਚ ਪ੍ਰਵਾਨ ਨਹੀਂ ਚੜ੍ਹਦੀ ਕਿਉ ਹਉਮੈ ਦੀ ਹਾਜ਼ਰੀ ਵਿਚ ਸਾਰੇ ਹੀ ਔਗੁਣ ਸੂਖਮ ਰੂਪ ਵਿਚ ਹਉਮੈ ਅੰਦਰ ਹੀ ਛੁਪੇ ਰਹਿੰਦੇ ਇਸੇ ਲਈ ਗੁਰਬਾਣੀ ਨੇ ਦੱਸਿਆ ਹੈ ਕਿ ਹਉਮੈ ਦੀ ਮੌਜੂਦਗੀ ਵਿਚ ਨਾ ਤਾਂ ਭਗਤੀ ਹੀ ਹੋ ਸ ਹੈ ਅਤੇ ਨਾ ਹੀ ਨਾਮ (ਸ਼ਬਦ-ਗੁਰੂ) ਹਿਰਦੇ ਅੰਦਰ ਪ੍ਰਗਟ ਹੀ ਹੋਇਆ ਕਰਦਾ ਹੈ, ਜਿਵੇਂ

ਥੱਲੇ ਦਿੱਤੀਆਂ ਸਤਰਾਂ ਤੋਂ ਪਤਾ ਲੱਗਦਾ ਹੈ:

*ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥*
*ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥....*
*ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥*
*ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥*

*(ਵਡਹੰਸੁ ਮ: ੩, ਪੰਨਾ ੫੬੦)*

ਪਰ ਜਿਹੜੇ ਲੋਕ ਪਰਮੇਸ਼ਰ ਦੇ ਕਿਸੇ ਜਾਂ ਇਕ ਤੋਂ ਵੱਧ ਕਿਰਤਮ ਨਾਮਾਂ ਨੂੰ ਵਾਰ ਵਾਰ ਰਟ ਕੇ ਨਾਮ ਜਪਣਾ ਜਾਂ ਭਗਤੀ ਕਰਨਾ ਮੰਨੀ ਬੈਠੇ ਹਨ, ਗੁਰਬਾਣੀ ਅਨੁਸਾਰ ਉਹ ਕੁਰਾਹੇ ਪਏ ਹੋਏ ਹਨ। ਹਉਮੈ ਦੀ ਹਾਜ਼ਰੀ ਵਿਚ ਜਿਹੜੇ ਭੀ ਕਰਮ ਧਰਮ ਕੀਤੇ ਜਾਂਦੇ ਹਨ ਗੁਰਬਾਣੀ ਨੇ ਉਨ੍ਹਾਂ ਕਰਮਕਾਂਡਾਂ ਨੂੰ ਪਾਖੰਡ ਆਖਿਆ ਹੈ, ਜਿਹੜੇ ਕਿ ਉਨ੍ਹਾਂ ਪਾਖੰਡਵਾਦੀਆਂ ਦੇ ਹੰਕਾਰ ਨੂੰ ਹੋਰ ਸ਼ਕਤੀਸ਼ਾਲੀ ਕਰ ਦਿੰਦੇ ਹਨ:

*ਹਉ ਵਿਚਿ ਦਿਤਾ ਹਉ ਵਿਚਿ ਲਇਆ ॥*
*ਹਉ ਵਿਚਿ ਖਟਿਆ ਹਉ ਵਿਚਿ ਗਇਆ ॥...*
*ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ ॥*
*ਮੋਖ ਮੁਕਤਿ ਕੀ ਸਾਰ ਨ ਜਾਣਾ ॥ (ਵਾਰ ਆਸਾ ੧, ਸਲੋਕ ਮ: ੧, ਪੰਨਾ ੪੬੬)*

ਭਾਵ ਇਹ ਹੰਕਾਰ ਵਿਚ ਗ੍ਰਸੇ ਹੋਏ ਮੂਰਖ ਲੋਕ ਆਪਣੇ ਆਪ ਨੂੰ ਸਿਆਣੇ ਗਿਆਨਵਾਨ ਮੰਨੀ ਬੈਠੇ ਹਨ ਜਦ ਕਿ ਇਨ੍ਹਾਂ ਨੂੰ ਇਸ ਭਵ-ਸਾਗਰ ਤੋਂ ਮੁਕਤੀ ਪ੍ਰਾਪਤ ਕਰ ਲੈਣ ਦੀ ਵਿਧੀ ਦਾ ਬਿਲਕੁਲ ਭੀ ਗਿਆਨ ਨਹੀਂ ਹੈ। ਇਹ ਲੋਕ ਆਪਣੇ ਆਪ ਵਿਚ ਤਾਂ ਭਗਤੀ ਕਰ ਰਹੇ ਹਨ ਪਰ ਇਨ੍ਹਾਂ ਅੰਦਰਲੇ ਔਗੁਣ ਸਗੋਂ ਹੋਰ ਸ਼ਕਤੀਸ਼ਾਲੀ ਹੁੰਦੇ ਰਹਿੰਦੇ ਹਨ। ਇਨ੍ਹਾਂ ਲਈ ਹੀ ਗੁਰਬਾਣੀ ਦਾ ਇਹ ਸੰਕੇਤ ਹੈ:

*ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ॥*
*ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ॥ (ਸਿਰੀਰਾਗੁ ਮ: ੧, ਪੰਨਾ ੨੩)*

ਜਿਹੜੇ ਲੋਕ ਪਹਿਲਾਂ ਵਸਤੂ ਨੂੰ ਪਰਖ ਕੇ ਨਹੀਂ ਵਣਜਦੇ, ਅੰਤ ਨੂੰ ਉਹ ਧੋਖਾ ਹੀ ਖਾਂਦੇ ਹਨ। ਸੰਸਾਰ ਅੰਦਰ ਅਸੀਂ ਬਾਕੀ ਵਸਤੂਆਂ ਖਰੀਦਣ ਵੇਲੇ ਤਾਂ ਉਨ੍ਹਾਂ ਵਸਤੂਆਂ ਦੇ ਅਸਲੀ ਨਕਲੀ ਹੋਣ ਬਾਰੇ ਬੜੀ ਪੁੱਛ-ਪੜਤਾਲ ਕਰਦੇ ਹਾਂ ਪਰ ਧਰਮ ਦੀ ਸਾਰਥਕਤਾ ਜਾਣੇ ਤੋਂ ਬਿਨਾਂ ਹੀ ਅਖੌਤੀ ਧਰਮ ਗੁਰੂਆਂ ਦੇ ਕੂੜ ਗਿਆਨ ਨੂੰ ਖਰੀਦ ਲੈਂਦੇ ਹਾਂ। ਜਿਨ੍ਹਾਂ ਨੇ ਧਰਮ ਦੇ ਖੇਤਰ ਵਿਚ ਸਾਵਧਾਨੀ ਵਰਤੀ ਹੈ, ਉਨ੍ਹਾਂ ਨੇ ਹੀ ਸਚੁ ਧਰਮ ਦੀ ਸੋਝੀ ਪ੍ਰਾਪਤ ਕੀਤੀ ਹੈ। ਪਰ ਜਿਨ੍ਹਾਂ ਨੇ ਸੁੱਤੇ ਹੋਇਆਂ ਹੀ ਧਰਮ ਧਾਰਨ ਕਰ ਲਿਆ, ਜਾਗਣ ਦੀ ਲੋੜ ਹੀ ਨਹੀਂ ਸਮਝੀ ਉਨ੍ਹਾਂ ਨੇ ਗੁਣਾਂ ਦੀ ਬਜਾਏ ਔਗੁਣਾਂ ਦਾ ਵਪਾਰ ਕਰ ਲਿਆ। ਗੁਰਮਤਿ ਨੇ ਹਉਮੈ ਦਾ ਇਲਾਜ ਇਉਂ ਦੱਸਿਆ ਹੈ:

*ਅਸਥਿਰੁ ਕਰਤਾ ਤੂ ਧਣੀ ਤਿਸ ਹੀ ਕੀ ਮੈ ਓਟ ॥*
*ਗੁਣ ਕੀ ਮਾਰੀ ਹਉ ਮੁਈ ਸਬਦਿ ਰਤੀ ਮਨਿ ਚੋਟ ॥*

*(ਰਾਮਕਲੀ ਮ: ੧ ਦਖਣੀ ਓਅੰਕਾਰ, ਪੰਨਾ ੯੩੬)*

ਉਪਰੋਕਤ ਪੰਗਤੀਆਂ ਤੋਂ ਪਤਾ ਲੱਗਦਾ ਹੈ ਕਿ ਗੁਣਾਂ ਦੀ ਮਾਰ ਨਾਲ ਹੀ ਹਉਮੈ ਦਾ ਨਾਸ ਹੁੰਦਾ ਹੈ। ਗੁਰਬਾਣੀ (ਗੁਰ-ਉਪਦੇਸ਼) ਦੁਆਰਾ ਮਨ ਸੂਝਵਾਨ ਹੁੰਦਾ ਹੈ। ਗੁਰਬਾਣੀ ਦੀ ਸੋਝੀ ਮਨ ਨੂੰ ਟਿਕਾਅ ਦੇਣ ਦੀ ਸਮਰੱਥਾ ਰੱਖਦੀ ਹੈ। ਇਸ ਤੋਂ ਘੱਟ ਗਿਆਨ ਨਾਲ ਮਨ ਨਹੀਂ ਟਿਕ (ਮਰ)

ਸਕਦਾ। ਮਨ ਦਾ ਟਿਕ ਜਾਣਾ ਹੀ ਮਨ ਦਾ ਮਰ ਜਾਣਾ ਹੈ। ਮਨ ਦੀ ਅਜਿਹੀ ਮੌਤ ਹੀ ਹਉਮੈ ਦੀ ਮੌਤ ਹੈ। ਹਉਮੈ ਦਾ ਨਸ਼ਟ ਹੋ ਜਾਣ ਦਾ ਭਾਵ ਮਨ ਅਤੇ ਚਿੱਤ ਦੀ ਸਦੀਵੀ ਏਕਤਾ ਭਾਵ 'ਇਕ ਮਨ ਇਕ ਚਿਤ' ਹੋਏ ਰਹਿਣਾ ਹੈ। 'ਇਕ ਮਨ ਇਕ ਚਿਤ' ਹੋਣ ਉਪਰੰਤ ਹੀ ਅਸਲੀ ਭਗਤੀ ਦਾ ਆਰੰਭ ਹੁੰਦਾ ਹੈ:

*ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ॥*
*ਨਾਨਕ ਇਹ ਬਿਧਿ ਹਰਿ ਭਜਉ ਇਕ ਮਨਿ ਹੁਇ ਇਕ ਚਿਤਿ॥*

(ਸਲੋਕ ਮਹਲਾ ੯, ਪੰਨਾ ੧੪੨੮)

ਇਹ ਹੈ, ਗੁਰਮਤਿ ਅਨੁਸਾਰ ਨਾਮ ਸਿਮਰਨ (ਭਗਤੀ)ਦੀ ਵਿਧੀ। 'ਇਕ ਮਨ ਇਕ ਚਿਤ' ਪਰਮ ਬੈਰਾਗ ਦੀ ਅਵਸਥਾ ਹੈ। ਇਸ ਅਵਸਥਾ ਵਿਚ ਜਗਿਆਸੂ ਪਰਮੇਸ਼ਰ ਦੇ ਦੁਆਰ 'ਤੇ ਢਹਿ ਪਿਆ ਹੁੰਦਾ ਹੈ ਅਤੇ ਨਾਮ ਦਾਨ ਦੀ ਜਾਚਨਾ ਕਰਦਾ ਹੈ। ਇਸੇ ਅਵਸਥਾ ਵਿਚ ਭਗਤ ਸਧਨਾ ਜੀ ਆਖ ਰਹੇ ਹਨ:

*ਏਕ ਬੂੰਦ ਜਲ ਕਾਰਨੇ ਚਾਤ੍ਰਿਕ ਦੁਖੁ ਪਾਵੈ॥*
*ਪ੍ਰਾਨ ਗਏ ਸਾਗਰੁ ਮਿਲੈ ਫੁਨਿ ਕਾਮਿ ਨ ਆਵੈ॥* (ਬਿਲਾਵਲੁ, ਪੰਨਾ ੮੫੮)

ਪਰਮ ਬੈਰਾਗ ਦੀ ਅਵਸਥਾ ਗੁਰਬਾਣੀ ਦੀ ਸੋਝੀ ਨਾਲ ਪ੍ਰਾਪਤ ਹੋ ਜਾਂਦੀ ਹੈ। ਗੁਰਬਾਣੀ ਰੂਪੀ ਸ਼ਬਦ ਨਾਲ ਮਨ ਅਤੇ ਚਿਤ ਇਕ ਰੂਪ ਹੋ ਜਾਂਦੇ ਹਨ। ਇਸ ਤੋਂ ਅਗਲਾ ਸਾਰਾ ਕਾਰਜ 'ਚਿਤ' ਸੰਵਾਰਦਾ ਹੈ। ਮਨ ਦੀ ਜ਼ੁੰਮੇਵਾਰੀ ਤਾਂ ਕੇਵਲ ਟਿਕੇ ਰਹਿਣ ਦੀ ਹੀ ਰਹਿ ਜਾਂਦੀ ਹੈ। ਇਸੇ ਖ਼ਿਆਲ ਨੂੰ ਗੁਰਬਾਣੀ ਅੰਦਰ ਇਉਂ ਬਿਆਨਿਆ ਹੈ:

*ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ॥*
*ਸਤਿਗੁਰਿ ਤੁਮਰੇ ਕਾਜ ਸਵਾਰੇ॥* (ਗਉੜੀ ਮ:੫, ਪੰਨਾ ੨੦੧)

ਅੰਤ ਵਿਚ ਵਿਚਾਰਨ ਵਾਲੀ ਗੱਲ ਇਹ ਹੈ ਕਿ 'ਗਿਆਨ' ਅਤੇ 'ਗੁਣਾਂ' ਦਾ ਆਪਸ ਵਿਚ ਕੀ ਸੰਬੰਧ ਹੈ? ਗਿਆਨ ਵਿਚ ਗੁਣ ਸਮਾਏ ਹੁੰਦੇ ਹਨ ਅਤੇ ਗੁਣਾਂ ਵਿਚ ਗਿਆਨ ਸਮਾਇਆ ਹੋਇਆ ਹੁੰਦਾ ਹੈ। ਜਿਵੇਂ ਕਿ ਇਕ ਡਾਕਟਰ, ਡਾਕਟਰੀ ਵਿੱਦਿਆ ਦਾ ਗਿਆਨ ਰੱਖਦਾ ਹੈ ਅਤੇ ਡਾਕਟਰੀ ਵਿੱਦਿਆ ਹੀ ਉਸ ਦਾ ਗੁਣ ਹੈ। ਇਸੇ ਲਈ ਗੁਰਬਾਣੀ ਨੂੰ 'ਗੁਣਬਾਣੀ' ਵੀ ਆਖਿਆ ਗਿਆ ਹੈ:

*ਜਨੁ ਨਾਨਕੁ ਬੋਲੇ ਗੁਣ ਬਾਣੀ ਗੁਰਬਾਣੀ ਹਰਿ ਨਾਮਿ ਸਮਾਇਆ॥*

(ਗੂਜਰੀ ਮ:੪, ਪੰਨਾ ੪੯੪)

ਗੁਰਬਾਣੀ ਪਰਮੇਸ਼ਰ ਦਾ ਗੁਣ ਗਾਇਨ ਹੈ। ਇਸ ਨੂੰ ਵਿਚਾਰਨਾ ਹੀ ਪਰਮੇਸ਼ਰ ਦੇ ਗੁਣਾਂ ਨੂੰ ਵਿਚਾਰਨਾ ਹੈ। ਪਰਮੇਸ਼ਰ ਗੁਣੀ ਨਿਧਾਨ ਹੈ। ਉਸ ਦੇ ਸਾਰੇ ਗੁਣ ਕਥਨ ਤੋਂ ਪਰ੍ਹੇ ਹਨ, ਕੇਵਲ ਕਿਣਕਾ ਮਾਤਰ ਉਸ ਦੇ ਗੁਣਾਂ ਦਾ ਵਰਣਨ ਹੀ ਗੁਰਬਾਣੀ ਵਿਚ ਦਰਜ ਹੈ। ਉਸ ਦੇ ਗੁਣਾਂ ਨੂੰ ਸਮਝ ਕੇ ਹੀ ਗੁਣੀ ਨਿਧਾਨ ਪਰਮੇਸ਼ਰ ਨੂੰ ਬੁੱਝਣਾ ਹੈ ਕਿਉਂਕਿ ਆਪ ਗੁਣੀ ਨਿਧਾਨ ਪਰਮੇਸ਼ਰ ਗੁਰਬਾਣੀ ਦੀ ਲਿਖਤ ਤੋਂ ਪਰ੍ਹੇ ਹੈ। ਕਹਿਣ ਤੋਂ ਭਾਵ ਇਹ ਹੈ ਕਿ ਗੁਣੀ ਨਿਧਾਨ ਬਾਰੇ ਗਿਆਨ ਉਸ ਦੇ ਗੁਣਾਂ ਨੂੰ ਵਿਚਾਰ ਕੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ ਜਿਵੇਂ ਕਿ ਗੁਰਬਾਣੀ ਦੀ ਇਸ ਪੰਗਤੀ ਤੋਂ ਪਤਾ ਲੱਗਦਾ ਹੈ:

*ਗੁਣ ਵੀਚਾਰੇ ਗਿਆਨੀ ਸੋਇ॥*
*ਗੁਣ ਮਹਿ ਗਿਆਨੁ ਪਰਾਪਤਿ ਹੋਇ॥*

(ਰਾਮਕਲੀ ਮਹਲਾ ੧, ਪੰਨਾ ੯੩੧)

ਗਿਆਨੀ ਅਤੇ ਗੁਣੀ-ਗਿਆਨੀ ਦੋਨੋਂ ਸ਼ਬਦ ਗੁਰਬਾਣੀ ਅੰਦਰ ਆਉਂਦੇ ਹਨ। ਜੇ ਗੁਰਬਾਣੀ ਨੂੰ ਪੜ੍ਹ ਕੇ, ਸੁਣ ਕੇ, ਸਮਝ ਕੇ ਆਪਣਾ ਕਿਰਦਾਰ ਗੁਰਬਾਣੀ ਅਨੁਸਾਰ ਨਹੀਂ ਢਾਲਿਆ ਤਾਂ ਉਹ ਗੁਣੀ-ਗਿਆਨੀ ਨਹੀਂ। ਗੁਣੀ-ਗਿਆਨੀ ਨੂੰ ਹੀ ਗੁਰਬਾਣੀ ਗੁਰਮੁਖ ਜਾਂ ਗੁਰਸਿੱਖ ਮੰਨਦੀ ਹੈ। ਜਿਨ੍ਹਾਂ ਨੇ ਗੁਰਬਾਣੀ ਨੂੰ ਪੜ੍ਹ ਕੇ ਜਾਂ ਸੁਣ ਕੇ ਮੰਨਿਆ ਨਹੀਂ, ਜੇ ਉਨ੍ਹਾਂ ਨੂੰ ਗੁਰਬਾਣੀ ਦੀ ਥੋੜ੍ਹੀ-ਬਹੁਤ ਸਮਝ ਹੈ ਭੀ ਤਾਂ ਗੁਰਬਾਣੀ ਉਨ੍ਹਾਂ ਨੂੰ ਮੁਖ-ਗਿਆਨੀ ਹੀ ਆਖਦੀ ਹੈ। ਮੁਖ ਗਿਆਨੀ, ਮਨਮੁਖ ਹੀ ਹੁੰਦੇ ਹਨ। ਜਿਹੜੇ ਭਰਮ ਦੇ ਗੇੜ ਤੋਂ ਛੁਟਕਾਰਾ ਨਹੀਂ ਪਾ ਸਕਦੇ। ਗੁਰਮੁਖ ਆਤਮਾ ਨੂੰ ਗੁਰਬਾਣੀ ਗੁਣਵੰਤੀ ਆਖਦੀ ਹੈ। ਗੁਣਵੰਤੀਆਂ ਨੇ ਹੀ ਆਪਣੇ ਮੂਲ ਸ਼ਬਦ-ਗੁਰੂ ਨਾਲ ਮਿਲਾਪ ਦਾ ਅਨੰਦ ਮਾਣਿਆ ਹੈ। ਮੁਖ-ਗਿਆਨੀ ਔਗੁਣਹਾਰੀਆਂ ਤਾਂ ਪਤੀ ਪਰਮੇਸ਼ਰ ਦੇ ਮਿਲਾਪ ਨੂੰ ਝੂਰਦੀਆਂ ਹੀ ਮਰ ਜਾਂਦੀਆਂ ਹਨ। ■

---

**ਇਕ ਅਭਾਗੀ ਸਿਕਲੀਗਰ ਬਸਤੀ....**

*(ਪੰਨਾ ੩੫ ਦੀ ਬਾਕੀ)*

ਸਿੱਖ ਪੰਥ ਵਿਚ ਇਕ ਘਾਟ ਹੈ ਕਿ ਜਿਸ ਮਿਸ਼ਨ ਵੱਲ ਤੁਰ ਪੈਣ, ਉਧਰ ਹੋਰ ਗੱਲਾਂ ਵੱਲ ਭਾਵੇਂ ਧਿਆਨ ਦੇਣ ਜਾਂ ਨਾ ਪਰ ਪੈਸਾ ਦਿਲ ਖੋਲ੍ਹ ਕੇ ਦੇਣਾ ਆਰੰਭ ਕਰ ਦਿੰਦੇ ਹਨ। ਇਹ ਪੈਸਾ ਦੇਣ ਵਾਲੇ ਵੀਰਾਂ ਦੇ ਦਿਲ ਵਿਚ ਵੀ ਪੰਥ ਦਰਦ ਬੇਸ਼ੱਕ ਹੁੰਦਾ ਹੈ, ਪਰ ਕੇਵਲ ਅੱਖਾਂ ਬੰਦ ਕਰਕੇ ਪੈਸਾ ਹੀ ਦੇਈ ਜਾਣਾ, ਆਪਣੇ ਇਕ ਵੱਡੇ ਫ਼ਰਜ਼ ਦੀ ਸੌਖੇ ਢੰਗ ਨਾਲ ਪੂਰਤੀ ਕਰਨ ਦਾ ਇਕ ਜਤਨ ਹੁੰਦਾ ਹੈ ਜਿਸ ਦੇ ਸਿੱਟੇ ਕਈ ਵਾਰ ਉਲਟਪ੍ਰਭਾਵੀ ਵੀ ਨਿਕਲਦੇ ਹਨ। ਇਸ ਲਈ ਜ਼ਰੂਰੀ ਹੈ ਕਿ ਜੇਕਰ ਮੁੱਦਤਾਂ ਤੋਂ ਪੰਥ ਤੋਂ ਵਿਛੜੇ ਸਿਕਲੀਗਰ-ਵਣਜਾਰਾ ਭਾਈਚਾਰੇ ਨੂੰ ਫਿਰ ਤੋਂ ਗਲ਼ ਲਾਉਣ ਦਾ ਮਿਸ਼ਨ ਪੰਥ ਵੱਲੋਂ ਆਰੰਭ ਕੀਤਾ ਜਾਣਾ ਹੈ ਤਾਂ ਇਸ ਲਈ ਸਮੁੱਚਾ ਅਮਲ ਪੂਰੀ ਵਿਉਂਤਬੰਦੀ ਨਾਲ ਸੰਬੰਧਤ ਰੂਪ ਵਿਚ ਆਰੰਭਿਆ ਜਾਵੇ। ਸਭ ਤੋਂ ਪਹਿਲਾਂ ਮਾਹਰਾਂ ਦੀ ਕਮੇਟੀ ਬਣਾ ਕੇ ਇਕ ਰੀਪੋਰਟ ਤਿਆਰ ਕਰਵਾਈ ਜਾਵੇ ਕਿ ਨਾਨਕ ਨਾਮ ਲੇਵਾ ਸਿਕਲੀਗਰ ਤੇ ਵਣਜਾਰੇ ਵੀਰਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਕਿਹੜੇ ਕਿਹੜੇ ਕਦਮ ਚੁੱਕੇ ਜਾਣੇ ਜ਼ਰੂਰੀ ਹਨ। ਉਸ ਤੋਂ ਬਾਅਦ ਇਸ ਮਕਸਦ ਲਈ ਇਕ ਸਾਂਝਾ ਪੰਥਕ ਫੰਡ ਕਾਇਮ ਕੀਤਾ ਜਾਵੇ ਜਿਸ ਦੀ ਆਮਦਨ ਤੋਂ ਲੈ ਕੇ ਖਰਚ ਤਕ ਸਭ ਕੁਝ ਪਾਰਦਰਸ਼ੀ ਹੋਵੇ। ਵੱਧ ਤੋਂ ਵੱਧ ਕੋਸ਼ਿਸ਼ ਇਹ ਹੋਵੇ ਕਿ ਕਿਸੇ ਨੂੰ ਸਿੱਧੇ ਢੰਗ ਨਾਲ ਆਰਥਕ ਮੱਦਦ ਦੇਣ ਦੀ ਬਜਾਏ, ਸਮੁੱਚੇ ਰੂਪ ਵਿਚ ਲੋੜਾਂ ਦੀ ਪੂਰਤੀ ਕਰਨ ਵੱਲ ਹੀ ਧਿਆਨ ਦਿੱਤਾ ਜਾਵੇ। ਇਨ੍ਹਾਂ ਲੋੜਾਂ ਦੀ ਪੂਰਤੀ ਤਾਂ ਉਨ੍ਹਾਂ ਦੇ ਸਿੱਖੀ ਛੱਡ ਦੇਣ ਦੀ ਸ਼ਰਤ 'ਤੇ ਕਈ ਗੈਰ-ਸਿੱਖ ਸੰਸਥਾਵਾਂ ਵੀ ਕਰਨ ਲਈ ਜਤਨਸ਼ੀਲ ਹਨ, ਪਰ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦੇ ਆਸ਼ਕ ਇਹ ਲੋਕ, ਜਿਨ੍ਹਾਂ ਨੂੰ ਮਾਣ ਹੈ ਕਿ ਸਾਡੇ ਤਿਆਰ ਕੀਤੇ ਸ਼ਸਤਰਾਂ ਨਾਲ ਗੁਰੂ ਗੋਬਿੰਦ ਸਿੰਘ ਦੇ ਜੁਝਾਰੂ ਸਿੰਘ ਸੂਰਮੇ ਜ਼ਾਲਮ ਹਕੂਮਤ ਨਾਲ ਟੱਕਰ ਲੈਂਦੇ ਰਹੇ, ਉਹ ਸਿੱਖੀ ਨੂੰ ਛੱਡਣਾ ਨਹੀਂ ਚਾਹੁੰਦੇ। ਉਹ ਅਜੇ ਵੀ ਗੁਰੂ-ਪੰਥ ਨੂੰ ਉਡੀਕ ਰਹੇ ਹਨ। ਪੰਥ ਖਾਲਸਾ ਕਦੋਂ ਇਨ੍ਹਾਂ ਬਸਤੀਆਂ ਵਿਚ ਬਹੁੜੇਗਾ? ਇਸ ਤੋਂ ਪਹਿਲਾਂ ਕਿ ਇਸ ਉਡੀਕ ਵਿਚਲੀ ਉਮੀਦ ਦੀ ਕਿਰਨ ਬੁਝ ਜਾਵੇ, ਪੰਥ ਨੂੰ ਇਹ ਕਾਰਜ ਛੇਤੀ ਹੀ ਆਰੰਭਣਾ ਪਵੇਗਾ। ■